# ਰਾਜ ਸਾਇੰਸ ਸਿੱਖਿਆ ਸੰਸਥਾ,ਪੰਜਾਬ

ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ
ਫੋਨ ਨੰ: 0172-2210144, 0172-2210077. e-mail : sisepunjab@yahoo.com


4769
6/1/2017

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)/ ਸਮੂਹ ਜਿਲ੍ਹਾ ਸਾਇੰਸ ਸੁਪਰਵਾਈਜਰਜ/
ਰਮਸਾ ਕੋਆਰਡੀਨੇਟਰ, ਪੰਜਾਬ।

ਪੱਤਰ ਨੰ: ਰਸਸਸ/2017/23-24
ਮਿਤੀ ਅਜੀਤਗੜ੍ਹ:04-01-2017

ਵਿਸ਼ਾ:- **Remedial Coaching ਦੇਣ ਲਈ ਹਦਾਇਤਾਂ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਡੀ.ਜੀ.ਐਸ.ਈ.ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ:

1. Remedial Coaching ਸਾਲ 2016-17 ਵਿੱਚ 9ਵੀਂ ਕਲਾਸ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਹੈ।
2. Remedial Coaching ਸਬੰਧੀ ਸਾਇੰਸ ਅਤੇ ਮੈਥ ਦੋ ਵਿਸ਼ਿਆਂ ਦੇ ਇਸ ਸੰਸਥਾ ਵੱਲੋਂ ਤਿੰਨ ਟੈਸਟ (ਪ੍ਰੀ ਟੈਸਟ, ਮਿਡ ਟਰਮ ਰੀਵਿਊ ਟੈਸਟ ਅਤੇ ਪੋਸਟ ਟੈਸਟ) ਲਏ ਜਾਣ ਦਾ ਸੁਝਾਅ ਸੀ। ਜਿਸ ਵਿੱਚੋਂ ਪ੍ਰੀ-ਟੈਸਟ ਮਿਤੀ 02-11-2016 ਨੂੰ ਲਿਆ ਗਿਆ ਸੀ, ਜਿਸ ਦਾ ਰਿਕਾਰਡ ਹੁਣ ਤੱਕ ਇਸ ਦਫਤਰ ਨੂੰ ਮੁਹੱਈਆ ਨਹੀਂ ਕਰਵਾਇਆ ਗਿਆ। ਮਿਤੀ 09-01-2017 ਨੂੰ ਰੱਖੀ ਮੀਟਿੰਗ ਵਿੱਚ ਰਿਕਾਰਡ ਜਰੂਰ ਲਿਆਂਦਾ ਜਾਵੇ।
3. ਮਿਡ ਟਰਮ ਰੀਵਿਊ ਟੈਸਟ ਮਿਤੀ 16-01-2017 ਨੂੰ ਲਿਆ ਜਾਣਾ ਹੈ। ਜਿਸ ਦਾ ਰਿਕਾਰਡ ਮਿਤੀ 22-01-2017 ਨੂੰ ਹੋਣ ਵਾਲੀ PSTSE ਪ੍ਰੀਖਿਆ ਵਿੱਚ SISE ਵੱਲੋਂ ਨਿਯੁਕਤ Observer ਨੂੰ ਦਿੱਤਾ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।
4. ਸਾਇੰਸ ਅਤੇ ਮੈਥ ਵਿਸ਼ਿਆਂ ਦਾ ਮਿਡ ਟਰਮ ਰੀਵਿਊ ਟੈਸਟ ਮਿਤੀ 16-01-2017 ਨੂੰ ssa ਦੀ website (ssapunjab.org) ਤੇ ਦੁਪਹਿਰ ਤੋਂ ਬਾਅਦ ਪਾ ਦਿੱਤਾ ਜਾਵੇਗਾ। ਜਿਸ ਦੇ ਸੰਬੰਧ ਵਿੱਚ ਜਿਲਾ ਸਾਇੰਸ ਸੁਪਰਵਾਇਜਰਜ ਆਪਣੇ ਜਿਲ੍ਹੇ ਦੇ ਸਮੂਹ ਸਕੂਲ ਮੁੱਖੀਆਂ ਨੂੰ ਟੈਸਟ ਦੇ regarding ਸੂਚਿਤ ਕਰ ਦੇਣ ਤਾਂ ਜੋ ਮਿਡ ਟਰਮ ਰੀਵਿਊ ਟੈਸਟ ਸਮੇਂ ਸਿਰ ਲਿਆ ਜਾ ਸਕੇ। ਮਿਡ ਟਰਮ ਰੀਵਿਊ ਟੈਸਟ ਗਣਿਤ ਦਾ ਸਮਾਂ ਦੁਪਹਿਰ 3.20 ਵਜੇ ਤੋਂ 3.50 ਵਜੇ ਤੱਕ ਅਤੇ ਸਾਇੰਸ ਦਾ ਸਮਾਂ ਦੁਪਹਿਰ 3.50 ਤੋਂ 4.20 ਤੱਕ ਹੋਵੇਗਾ। ਅਧਿਆਪਕ ਟੈਸਟ ਲੈ ਕੇ ਟੈਸਟ ਚੈਕ ਕਰਕੇ ਉਸਦੀ ਰਿਪੋਰਟ ਜਿਲਾ ਸਾਇੰਸ ਸੁਪਰਵਾਇਜਰਜ ਨੂੰ ਮਿਤੀ 18-01-2017 ਤੱਕ ਭੇਜ ਦੇਣ ਤਾਂ ਜੋ ਜਿਲਾ ਸਾਇੰਸ ਸੁਪਰਵਾਇਜਰਜ ਰਿਪੋਰਟ Consolidate ਕਰਕੇ ਮੁੱਖ ਦਫਤਰ ਨੂੰ ਮਿਤੀ 22-01-2017 ਨੂੰ ਹੋਣ ਵਾਲੀ PSTSE ਪ੍ਰੀਖਿਆ ਵਿੱਚ SISE ਵੱਲੋਂ ਨਿਯੁਕਤ Observer ਨੂੰ ਦਿੱਤੀ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਡਿਪਟੀ ਡਾਇਰੈਕਟਰ
ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ।

ਪਿੱਠ ਅੰਕਣਨੰ: ਉਕਤ: ਮਿਤੀ ਅਜੀਤਗੜ੍ਹ: 04-01-2017

ਉਪਰੋਕਤ ਦਾ ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ
ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ।

ਦਫਤਰ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ।
ਸਮੂਹ ਸਕੂਲ ਮੁਖੀ ਸਾਹਿਬਾਨ ਨੂੰ ਲਿਖਿਆ ਜਾਂਦਾ ਹੈ ਕਿ ਪੱਤਰ ਵਿਚ ਦਰਸਾਈਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

9/1/17

ਜਿਲ੍ਹਾ ਸਾਇੰਸ ਸੁਪਰਵਾਈਜ਼ਰ, ਬਠਿੰਡਾ।